**ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਗੁਰਦਾਸਪੁਰ।**
ਈਮੇਲ:eepdgdspwbpb@gmail.com

ਵੱਲ

ਜ਼ਿਲ੍ਹਾ ਸਿੱਖਿਆ ਅਫਸਰ,
ਗੁਰਦਾਸਪੁਰ।

ਨੰਬਰ 5719 / ਮਿਤੀ 18-09-25

ਵਿਸ਼ਾ:- ਬਿਲਡਿੰਗ ਸੇਫਟੀ ਸਰਟੀਫਿਕੇਟ ਆਫ **Mata Gujri Public School Aminpur, Distt Gurdsapur** (ਸਾਲ 2025-26) ਜਾਰੀ ਕਰਨ ਬਾਰੇ।

ਹਵਾਲਾ:- ਆਪ ਜੀ ਦਾ ਪੱਤਰ ਨੰ: ਜੀ.3/2025-13887 ਮਿਤੀ: 21.05.2025

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ:2, ਗੁਰਦਾਸਪੁਰ ਵਲੋਂ ਪੱਤਰ ਨੰ: 410 ਮਿਤੀ: 16.09.2025 ਰਾਹੀਂ ਰਿਪੋਰਟ ਕੀਤੀ ਹੈ ਕਿ **Mata Gujri Public School Aminpur, Distt Gurdsapur** ਦੀ ਇਮਾਰਤ ਦਾ ਨਿਰੀਖਣ ਕੀਤਾ ਗਿਆ ਹੈ ਅਤੇ ਇਹ ਇਮਾਰਤ ਮਿਤੀ: 31.03.2028 (01.04.2025 ਤੋਂ 31.03.2028) ਤੱਕ ਆਮ ਇਸਤੇਮਾਲ ਲਈ ਸੁਰੱਖਿਅਤ ਪਾਈ ਗਈ ਹੈ। ਫਾਇਰ ਸੁਰੱਖਿਆ ਸਬੰਧੀ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਜ਼, ਗੁਰਦਾਸਪੁਰ ਵਲੋਂ ਪੱਤਰ ਨੰ: 806-108752-Fire/83082 ਮਿਤੀ: 21.02.2025 ਰਾਂਹੀ ਇੱਕ ਸਾਲ ਲਈ ਅੱਗ ਬੁਝਾਊ ਯੰਤਰ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ।

1) ਸਕੂਲ ਅਥਾਰਟੀ/ਮੈਨੇਜਮੈਂਟ ਦੀ ਇਹ ਨਿੱਜੀ ਜਿੰਮੇਵਾਰੀ ਹੋਵੇਗੀ ਕਿ ਉਹ ਸਕੂਲ ਦੀ ਇਮਾਰਤ ਦੀ ਲੋੜੀਂਦੀ ਸਲਾਨਾ ਮੁਰੰਮਤ ਅਤੇ ਦੇਖਭਾਲ ਦਾ ਪਾਬੰਧ ਹੋਵੇਗਾ।

2) ਫਾਇਰ ਸੁਰੱਖਿਆ ਸਬੰਧੀ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਜ਼, ਗੁਰਦਾਸਪੁਰ ਵਲੋਂ ਪੱਤਰ ਨੰ: 806-108752-Fire/83082 ਮਿਤੀ: 21.02.2025 ਰਾਂਹੀ ਇੱਕ ਸਾਲ ਲਈ ਅੱਗ ਬੁਝਾਊ ਯੰਤਰ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਇਹ ਸਰਟੀਫਿਕੇਟ ਸਕੂਲ ਅਥਾਰਟੀ/ਮੈਨੇਜਮੈਂਟ ਵੱਲੋਂ ਹਰ ਸਾਲ ਸਬੰਧਤ ਵਿਭਾਗ ਪਾਸੋਂ ਪ੍ਰਾਪਤ ਕਰਕੇ ਇਸ ਦਫਤਰ ਵਿੱਚ ਜਮ੍ਹਾ ਕਰਵਾਇਆ ਜਾਵੇਗਾ, ਅਜਿਹਾ ਨਾਂ ਕਰਨ ਦੀ ਸੂਰਤ ਵਿਚ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

3) ਕੁਦਰਤੀ ਆਫਤ ਕਰਕੇ ਜਾਂ ਕਿਸੇ ਵੀ ਹੋਰ ਕਾਰਨ ਸਕੂਲ ਦੀ ਇਸ ਇਮਾਰਤ ਦੀਆਂ ਦੀਵਾਰਾਂ/ਸਲੈਬ ਆਦਿ ਵਿੱਚ ਕੋਈ ਕਰੈਕ/ਸੈਟਲਮੈਂਟ ਜਾਂ ਪਲੱਸਤਰ ਆਦਿ ਵਿੱਚ ਕਿਤੇ ਕੋਈ ਵੀ ਨੁਕਸ ਉਨ੍ਹਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਹ ਸਕੂਲ ਦੇ ਉਸ ਹਿੱਸੇ ਦੀ ਵਰਤੋਂ ਨਹੀਂ ਕਰਨਗੇ ਅਤੇ ਤੁਰੰਤ ਸਕੂਲ ਦੀ ਇਮਾਰਤ ਦਾ ਮੁੜ ਨਰੀਖਣ ਕਰਾਉਣ ਦੇ ਪਾਬੰਧ ਹੋਣਗੇ। ਇਸ ਤਰ੍ਹਾਂ ਨਾਂ ਕਰਨ ਤੇ ਜੇਕਰ ਕੋਈ ਅਣ-ਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਵਾਰ ਹੋਣਗੇ।

4) ਜੇਕਰ ਸਕੂਲ ਦੀ ਬਿਲਡਿੰਗ ਵਿੱਚ ਕੋਈ ਅਡੀਸ਼ਨ/ਅਲਟਰੇਸ਼ਨ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਸਕੂਲ ਅਥਾਰਟੀ/ਮੈਨੇਜਮੈਂਟ ਇਸ ਦਫਤਰ ਨੂੰ ਸੂਚਿਤ ਕਰਨ ਦੇ ਪਾਬੰਧ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਸਕੂਲ ਦੀ ਬਿਲਡਿੰਗ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਸਕੂਲ ਅਥਾਰਟੀ/ਮੈਨੇਜਮੈਂਟ ਇਸ ਦੇ ਜਿੰਮੇਵਾਰ ਹੋਣਗੇ ।

5) ਸਕੂਲ ਬਿਲਡਿੰਗ ਸੁਰੱਖਿਆ ਸਬੰਧੀ ਮਾਨਯੋਗ ਅਦਾਲਤ/ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਸਕੂਲ ਅਥਾਰਟੀ/ਮੈਨੇਜਮੈਂਟ ਪਾਬੰਧ ਹੋਵੇਗੀ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭ਼ਤੇਮ ਸ਼ਾਖਾ,
ਗੁਰਦਾਸਪੁਰ।

ਪਿੱਠ ਅੰਕਣ ਨੰ:________/ ਮਿਤੀ ________

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ, **Mata Gujri Public School Aminpur, Distt Gurdsapur** ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਅਤੇ ਲਿਖਿਆ ਜਾਂਦਾ ਹੈ ਕਿ ਫਾਇਰ ਸੁਰੱਖਿਆ ਸਬੰਧੀ ਸਰਟੀਫਿਕੇਟ ਦੀ ਸਮੇਂ ਦੀ ਮਿਆਦ ਖਤਮ ਹੋਣ ਉਪਰੰਤ ਸਰਟੀਫਿਕੇਟ ਨੂੰ ਰੀਨਿਊ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਵਿੱਚ ਜਮ੍ਹਾ ਕਰਵਾਈ ਜਾਵੇ।

ਨੱਥੀ/ਸਰਟੀਫਿਕੇਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭ਼ਤੇਮ ਸ਼ਾਖਾ,
ਗੁਰਦਾਸਪੁਰ।

Principal
Mata Gujri Public School
Vill. Amipur (Gurdaspur)